IDC INTERNATIONAL JOURNAL
OPEN ACCESS
International Online Peer- Reviewed, Referred, Indexed Journal May - July 2024 Volume: 11 Issue: 3

# ਗੁਰੂ ਅਰਜਨ ਦੇਵ ਜੀ ਦਾ ਗੁਰਮਤਿ ਸੰਗੀਤ ਵਿੱਚ ਯੋਗਦਾਨ

**ਡਾ. ਅਰਵਿੰਦਰ ਕੌਰ* | ਡਾ. ਇੰਦੂ ਸੁਧੀਰ****

**ਅਸਿਸਟੈਂਟ ਪ੍ਰੋਫੇਸਰ, ਖਾਲਸਾ ਕਾਲਜ ਆਫ ਐਜੂਕੇਸ਼ਨ, ਜੀ.ਟੀ.ਰੋਡ, ਅੰਮ੍ਰਿਤਸਰ*

***ਅਸਿਸਟੈਂਟ ਪ੍ਰੋਫੈਸਰ ਆਫ਼ ਫਾਇਨ ਆਰਟ, ਖਾਲਸਾ ਕਾਲਜ ਆਫ਼ ਐਜੂਕੇਸ਼ਨ, ਅੰਮ੍ਰਿਤਸਰ*

ਗੁਰੂ ਅਰਜਨ ਦੇਵ ਜੀ ਦਾ ਜਨਮ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀਜੀ ਦੀ ਕੁਖੋਂ 15 ਅਪ੍ਰੈਲ 1563 ਈ ਨੂੰ ਗੋਇੰਦਵਾਲ ਵਿਖੇ ਹੋਇਆ। ਗੁਰੂ ਸਾਹਿਬ ਨੂੰ ਸਾਹਿਤ ਅਤੇ ਸੰਗੀਤ ਦਾ ਸ਼ੌਕ ਬਚਪਨ ਤੋਂ ਹੀ ਵਿਰਾਸਤ ਵਿੱਚ ਮਿਲਿਆ ਸੀ। ਗੁਰੂ ਅਮਰਦਾਸ ਜੀ ਗੁਰੂ ਅਰਜਨ ਦੇਵ ਜੀ ਦੇ ਨਾਨਾ ਸਨ। ਉਹਨਾਂ ਨੇ ਬਾਲ ਅਵਸਥਾ ਵਿੱਚ ਗੁਰੂ ਅਰਜਨ ਦੇਵ ਜੀ ਦੀ ਪ੍ਰਤਿਭਾ ਨੂੰ ਪਛਾਣ ਕੇ 'ਦੋਹਤਾ ਬਾਣੀ ਬੋਹਿਥਾ ਹੋਣ ਦਾ ਮਾਣ ਦਿੱਤਾ। [1]

ਗੁਰੂ ਰਾਮਦਾਸ ਜੀ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਪੰਜਵੇਂ ਵਾਰਸ ਗੁਰੂ ਅਰਜਨ ਦੇਵ ਜੀ 1581 ਈ ਸੰਗਤ 1638 ਈ ਨੂੰ ਗੁਰਤਾਗੱਦੀ ਤੇ ਬਿਰਾਜੇ।[2] ਗੁਰੂ ਅਰਜਨ ਦੇਵ ਜੀ ਨੇ ਜਿੱਥੇ ਗੁਰਿਆਈ ਸੰਭਾਲ ਕੇ ਸਿੱਖ ਸੰਗਠਨ ਨੂੰ ਮਜਬੂਤ ਕੀਤਾ ਉਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਰਾਗਾਤਮਕ ਕਰਕੇ ਇਸ ਗ੍ਰੰਥ ਦਾ ਪ੍ਰਕਾਸ਼ 1604 ਈH ਸੰਗਤ 1661 ਈ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰਕੇ ਗੁਰੂ ਗ੍ਰੰਥ ਨੂੰ ਸ਼ਬਦ ਗੁਰੂ ਦਾ ਦਰਜਾ ਦਿੱਤਾ। [3]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਸੰਗੀਤਮਈ ਹੈ। ਬਾਣੀ ਰਚਨਾ ਦੀ ਪਹਿਲੀ ਸ਼ਰਤ ਇਕਾਗਰਤਾ ਅਤੇ ਇਕਸੁਰਤਾ ਹੈ। ਭਗਤੀ ਅਤੇ ਚਿੰਤਨ ਦੀ ਵੀ ਬਾਣੀ ਰਚਨਾ ਵਿੱਚ ਸੰਗੀਤ, ਇਕਸੁਰਤਾ ਅਤੇ ਇਕਾਗਰਤਾ ਬਿਰਤੀ ਉਤਪੰਨ ਕਰਨ ਦਾ ਪ੍ਰਮੁੱਖ ਸਾਧਨ ਹੈ। ਗੁਰਬਾਣੀ ਦਾ ਫੁਰਮਾਨ ਹੈ:

ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ॥
ਕੋਟਿ ਜਨਮ ਕੀ ਤ੍ਰਿਸਨਾ ਨਿਵਾਰੀ ਰਾਮ ਰਸਾਇਣਿ ਆਤਮ ਧ੍ਰਾਪ॥ [4]

ਰਾਗ ਵਿੱਚ ਗਾਈ ਹੋਈ ਬਾਣੀ ਜੀਵ ਨੂੰ ਇਕਸੁਰ ਕਰਕੇ ਵਿਸਮਾਦ ਦੇ ਘਰ ਲੈ ਜਾਂਦੀ ਹੈ। ਸਿੱਖ ਧਰਮ ਵਿੱਚ ਸੰਗੀਤ ਬਾਣੀ ਦੇ ਸੰਚਾਰ ਲਈ ਵਰਤੀ ਗਈ ਜੁਗਤ ਹੈ ਜਿਸ ਦੁਆਰਾ ਸਰਬ ਲੋਕਾਈ ਤੱਕ ਸ਼ਬਦ ਸੰਚਾਰ ਹੋ ਸਕੇ।ਸ਼ਬਦ ਅਤੇ ਸੰਗੀਤ ਦੇ ਸੁਮੇਲ ਤੋਂ ਸ਼ਬਦ ਕੀਰਤਨ ਦੀ ਵਿਧਾ ਨੂੰ ਵਿਵਹਾਰਕ ਰੂਪ ਪ੍ਰਦਾਨ ਕਰਨ ਵਿੱਚ ਗੁਰੂ ਅਰਜਨ ਦੇਵ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਗੁਰੂ ਅਰਜਨ ਦੇਵ ਜੀ ਦਾ ਸ਼ਬਦ ਕੀਰਤਨ ਤੋਂ ਕੀ ਭਾਵ ਹੈ, ਨੂੰ ਇਸ ਤਰ੍ਹਾਂ ਸ਼ਪਸਟ ਕਰਦੇ ਹਨ:

ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ॥
ਏਕਾਦੇਸੀ ਇਕੁ ਦਿਖਾਵੈ ਏਕੋ ਰਹਿਆ ਬਿਆਪੈ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ॥੧॥
ਭਲੋ ਭਲੋ ਰੇ ਕੀਰਤਨੀਆ ਰਾਮ ਰਮਾ ਰਾਮਾ ਗੁਨ ਗਾਉ॥
ਛੋੜਿ ਮਾਇਆ ਕੇ ਧੰਧ ਸੁਆਉ॥ ਰਹਾਉ॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ॥
ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ॥
ਫੇਰੀ ਫੇਰੁ ਨ ਹੋਵੈ ਕਬਹੀ ਏਕੁ ਸਬਦੁ ਬੰਧਿ ਪਾਲੈ॥੨॥

---

[1] ਡਾ. ਜਸਵੀਰ ਕੌਰ , ਗੁਰਮਤਿ ਸੰਗੀਤ ਦੀ ਇਤਿਹਾਸਕ^ ਵਿਲੱਖਣਤਾ, ਪੰਨਾ 50

[2] ਤਵਾਰੀਖ ਗੁਰੂ ਖਾਲਸਾ, ਪੰਨਾ 38

[3] ਉਹੀ, ਪੰਨਾ 420

[4] ਗੁਰੂ ਗ੍ਰੰਥ ਸਾਹਿਬ, ਪੰਨਾ 821

DOI: http://doi.org/10.47211/idcij.2024.v11i03.012

ਨਾਰਦੀ ਨਰਹਰ ਜਾਣਿ ਹਦੂਰੇ॥ ਘੂੰਘਰ ਖੜਕੁ ਤਿਆਗਿ ਵਿਸੂਰੇ॥
ਸਹਜ ਅਨੰਦ ਦਿਖਾਵੈ ਭਾਵੈ॥ ਇਹੁ ਨਿਰਤਿਕਾਰੀ ਜਨਮਿ ਨ ਆਵੈ॥
ਜੋ ਕਿ ਆਪਨੇ ਠਾਕੁਰ ਭਾਵੈ॥ ਕੋਟਿ ਮਧਿ ਏਹੁ ਕੀਰਤਨ ਗਾਵੈ॥
ਸਾਧ ਸੰਗਤ ਕੀ ਜਾਵਉ ਟੇਕ॥ ਕਹੁ ਨਾਨਕ ਤਿਸੁ ਕੀਰਤਨ ਏਕ॥ ੪॥[5]

ਗੁਰਮਤਿ ਦਾ ਸੰਗਤਿ ਬਾਣੀ ਦਾ ਕੀਰਤਨ ਕਰਨਾ ਹੈ। ਦਿਮਾਗੋਂ ਰਾਗ, ਦਿਲ ਤੋਂ ਧੁਨਿ, ਹਿਰਦੇ ਤੋਂ ਸੁਰਤ, ਹਥੋਂ ਪੰਜ ਸਾਜ਼, ਮੂੰਹ ਤੋਂ ਸਤ ਸੁਰਾਂ, ਕੰਠੋਂ ਤਾਨ, ਪੈਰੋਂ ਨ੍ਰਿਤਕਾਰੀ ਜੇ ਇਹ ਸਾਰੀ ਸੰਗੀਤ ਸਮਗਰੀ ਆਕਾਲ ਪੁਰਖ ਨੂੰ ਭਾਅ ਜਾਵੇ, ਤਾਂ ਕਰੋੜਾਂ ਵਿੱਚੋਂ ਢੂੰਡੇ ਕੀਰਤਨੀਏ ਨੂੰ ਸਾਧ ਸੰਗਤ ਦਾ ਆਸਰਾ ਲੈ ਕੇ ਉਸ ਇਕ ਵਾਹਿਗੁਰੂ ਦਾ ਗੁਣ ਗਾਇਨ ਕਰਨਾ ਚਾਹੀਦਾ ਹੈ। ਇਹੀ ਉਸ 'ਇਕ ਨਾਲ ਇਕਸੁਰ ਹੋਣ ਦਾ ਸਾਧਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਗੁਰੂ ਸਾਹਿਬਾਨ ਨੇ 31 ਮੁੱਖ ਰਾਗਾਂ ਅਤੇ 31 ਰਾਗ ਪ੍ਰਕਾਰਾਂ ਅਧੀਨ ਗਾਇਆ ਹੈ। ਗੁਰੂ ਸਾਹਿਬ ਨੇ ਇਹਨਾਂ ਰਾਗਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕਰਨ ਸਮੇਂ ਗਾਉਣ ਦਾ ਸਮਾਂ ਅਤੇ ਰੁਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ, ਪਰ ਇਹਨਾਂ ਰਾਗਾਂ ਨੂੰ ਕਿਸੇ ਵਿਸ਼ੇਸ਼ ਕ੍ਰਮ ਵਿੱਚ ਨਹੀਂ ਬੰਨ੍ਹਿਆਂ ਭਾਵ ਕਿ ਕਿਹੜੇ ਰਾਗ ਕਿਸ ਸਮੇਂ ਅਤੇ ਕਿਹੜੀ ਰੁੱਤ ਵਿੱਚ ਗਾਏ ਜਾਣ ਇਹ ਰਾਗ ਸ਼ਾਸਤਰੀ ਨਿਯਮਾਂ ਮੁਤਾਬਿਕ ਸਮਾਂ ਸਿਧਾਂਤ ਦੇ ਅਨੁਸਾਰ ਗਾਏ ਜਾਂਦੇ ਹਨ। ਇਹਨਾਂ 31 ਰਾਗਾਂ ਦੀ ਵੰਨ ਸੁਵੰਨਤਾ ਵਿੱਚੋਂ ਵੀ ਇਕ ਰਸ ਛਾਈ ਹੋਈ ਇਕਸੁਰਤਾ ਦੇ ਦਰਸ਼ਨ ਹੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਰਾਗ ਅਤੇ ਇਹਨਾਂ ਅਧੀਨ ਵੱਖ ਵੱਖ ਪ੍ਰਕਾਰਾਂ ਦਾ ਪ੍ਰਯੋਗ ਕੀਤਾ ਗਿਆ ਹੈ। ਜਿਨ੍ਹਾਂ ਨੂੰ ਸ਼ੁੱਧ, ਛਾਇਆਲਗ ਅਤੇ ਸੰਕੀਰਣ ਰਾਗ ਵਰਗੀਕਰਣ ਅਨੁਸਾਰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਇਹ ਰਾਗ ਸਨਾਤਨੀ ਅਤੇ ਦੇਸੀ ਵੰਡ ਦੇ ਵੀ ਧਾਰਨੀ ਹਨ ਅਤੇ ਵੱਖ ਵੱਖ ਸਭਿਆਚਾਰਕ ਜਾਤੀਆਂ ਅਤੇ ਖਿਤਿਆਂ ਨਾਲ ਵੀ ਇਹਨਾਂ ਦਾ ਸੰਬੰਧ ਦਰਿਸ਼ਟੀਗੋਚਰ ਹੁੰਦਾ ਹੈ। ਗੁਰਬਾਣੀ ਵਿੱਚ ਇਹਨਾਂ ਰਾਗਾਂ ਦੀ ਢੁੱਕਵੀਂ ਚੋਣ, ਬਾਣੀ ਦੀ ਪ੍ਰਕਿਰਤੀ , ਭਾਵ ਅਤੇ ਮਨੋਰਥ ਦੀ ਅਨੁਸਾਰੀ ਹੈ। ਇਸ ਤੋਂ ਇਲਾਵਾ ਇਹ ਰਾਗ ਸਬੰਧਤ ਗਾਇਨ ਰਾਗ ਦੇ ਸਨਾਤਨੀ ਜਾਂ ਲੋਕ ਅੰਗ ਦੀ ਸੰਗੀਤਕ ਪ੍ਰਕ੍ਰਿਤੀ ਅਨੁਸਾਰ ਹੀ ਉਪਯੁਕਤ ਕੀਤੇ ਗਏ ਹਨ ।[6]

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵੱਖ ਵੱਖ ਗਾਇਨ ਸ਼ੈਲੀਆਂ ਅਧੀਨ ਰੱਖਿਆ ਹੈ। ਇਹਨਾਂ ਗਾਇਨ ਸ਼ੈਲੀਆਂ , ਰਾਗਾਂ ਅਤੇ ਬਾਣੀ ਕਾਵਿ ਰੂਪਾਂ ਦੀ ਪ੍ਰਕ੍ਰਿਤੀ ਵਿੱਚਲੀ ਸਾਂਝ, ਸਮਾਨਤਾ ਅਤੇ ਅੰਦਰੂਨੀ ਸੰਬੰਧਾਂ ਨੂੰ ਭਾਵਾਤਮਕ ਅਤੇ ਆਤਮਕ ਪੱਧਰ ਉੱਤੇ ਕਾਇਮ ਰੱਖਣ ਵਿੱਚ ਸਹਾਈ ਹੁੰਦੀ ਹੈ। ਗੁਰੂ ਸਾਹਿਬ ਨੇ ਜਿਥੇ ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ ਜਿਵੇਂ ਧਰੁਪਦ , ਪ੍ਰਬੰਧ ਅਤੇ ਪੜਤਾਲ ਆਦਿ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਹੈ ਉਥੇ ਲੋਕ ਗਾਇਨ ਸ਼ੈਲੀਆਂ ਦਾ ਪ੍ਰਯੋਗ ਵੀ ਰਾਗਾਂ ਦੀ ਪ੍ਰਕ੍ਰਿਤੀ ਅਨੁਸਾਰ ਕੀਤਾ ਹੈ। ਜਿਵੇਂ ਰਾਗ ਸਿਰੀ – ਪਹਰੇ, ਰਾਗ ਗਾਉੜੀ ਛੰਤ, ਮਾਝ ਤੇ ਆਸਾ ਵਾਰ, ਵਡਹੰਸ ਅਲਹੁਣੀਆਂ, ਘੋੜੀਆਂ, ਰਾਗ ਮਾਰੂ ਸੋਹਲੇ ਅਤੇ ਰਾਗ ਤੁਖਾਰੀ ਬਾਰਾਮਾਹ ਆਦਿ।

ਗੁਰੂ ਅਰਜਨ ਦੇਵ ਜੀ ਦੀ ਸੰਗੀਤਕ ਸਮਝ ਦਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਦਾ ਸਮੁੱਚਾ ਪ੍ਰਬੰਧ ਜਿਥੇ ਵਿਭਿੰਨ ਰਾਗਾਂ ਤੇ ਗਾਇਨ ਸ਼ੈਲੀਆਂ ਉੱਤੇ ਅਧਾਰਿਤ ਹੈ ਉੱਥੇ ਇਹਨਾਂ ਰਾਗਾਂ ਤੇ ਗਾਇਨ ਸ਼ੈਲੀਆਂ ਨੂੰ ਕਾਰਜਸ਼ੀਲ ਕਰਨ ਲਈ ਗੁਰਬਾਣੀ ਵਿੱਚ ਥਾਂ ਪਰ ਥਾਂ ਭਿੰਨ ਭਿੰਨ ਸੰਗੀਤਕ ਸੰਕੇਤ ਵੀ ਅੰਕਿਤ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਰਹਾਉ, ਅੰਕ, ਘਰੁ, ਧੁਨੀ ਆਦਿ ਵਿਸ਼ੇਸ਼ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਹਾਉ ਪ੍ਰਬੰਧ:

'ਰਹਾਉ ਦੇ ਸ਼ਾਬਦਿਕ ਅਰਥ ਇਕ ਥਾਂ ਠਹਿਰ ਜਾਣਾ, ਵਿਸ਼ਰਾਮ ਜਾਂ ਸਥਿਰ ਹੀ ਹਨ । ਸੰਗੀਤ ਦੀ ਦੁਨੀਆਂ ਵਿੱਚ ਕਿਸੇ ਵੀ ਰਚਨਾ ਦੇ ਗਾਇਨ ਲਈ ਦੋ ਇਕਾਈਆਂ ਪ੍ਰਮੁੱਖ ਹੁੰਦੀਆਂ ਹਨ। ਪਹਿਲੀ ਸਥਾਈ ਜਾਂ ਟੇਕ ਅਤੇ ਦੂਜੀ ਅੰਤਰਾ, ਗੁਰੂ ਗ੍ਰੰਥ ਸਾਹਿਬ ਦੇ ਸੰਗੀਤਕ ਪ੍ਰਬੰਧ ਵਿੱਚ ਵੀ ਏਸੇ ਸੰਗੀਤ ਪਰੰਪਰਾ ਅਧੀਨ ਸ਼ਬਦ ਵਿਚਲੀ 'ਰਹਾਉ' ਵਾਲੀ ਤੁਕ ਨੂੰ ਸਥਾਈ ਜਾਂ ਟੇਕ ਬਣਾ ਕੇ ਸ਼ਬਦ ਦੀਆਂ ਬਾਕੀ ਤੁਕਾਂ ਦਾ ਸੰਚਾਰ ਭਾਵ ਅੰਤਰੇ ਦੇ ਗਾਇਨ ਰਾਹੀਂ ਪ੍ਰਸਤੁਤ ਕੀਤਾ ਜਾਂਦਾ ਹੈ।[7] ਰਹਾਉ ਸੰਕੇਤ ਨਾਲ ਇਸ ਦੇ ਅੰਤਰਿਆਂ ਦੀ ਗਿਣਤੀ ਦਰਸਾਉਣ ਲਈ ਅੰਕ ੧, ੨,

[5] ਗੁਰੂ ਗ੍ਰੰਥ ਸਾਹਿਬ, ਪੰਨਾ 885
[6] ਡਾ. ਗੁਰਨਾਮ ਸਿੰਘ, ਪਰਬੰਧ ਤੇ ਪਾਸਾਰ, ਪੰਨਾ 7
[7] ਡਾ. ਜਸਬੀਰ ਸਿੰਘ ਸਾਬਰ, ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ ਭਾਗ ਦੂਜਾ, ਪੰਨਾ 268

੩, ੪ ਦਾ ਅੰਕਣ ਵੀ ਕੀਤਾ ਗਿਆ ਹੈ। ਜਿਸ ਤੋਂ ਭਾਵ ਹੈ ਕਿ ਸ਼ਬਦਾਂ ਵਿੱਚ ਖ਼ਿਆਲ ਦੀ ਉਸਾਰੀ ਜਦੋਂ ਇਕ ਸਿਰੇ ਤੱਕ ਪਹੁੰਚਣ ਤੋਂ ਬਾਅਦ ਧਾਰਣਾ ਬਦਲਣ ਦੀ ਜ਼ਰੂਰਤ ਪੈਂਦੀ ਹੈ। ਕਈ ਸ਼ਬਦ ਰਚਨਾਵਾਂ ਵਿੱਚ ਰਹਾਉ ੧, ਰਹਾਉ ੨, ਰਹਾਉ੩, ਰਹਾਉ ੪ ਆਦਿ ਵੀ ਪ੍ਰਾਪਤ ਹੁੰਦੇ ਹਨ। ਗੁਰਮਤਿ ਸੰਗੀਤ ਵਿਧਾਨ ਵਿੱਚ ਰਹਾਉ ਵਾਲੀ ਤੁਕ ਨੂੰ ਸਥਾਈ ਬਣਾ ਕੇ ਵਾਰ^ ਵਾਰ ਗਾਇਨ ਕਰਨ ਦੀ ਪਰੰਪਰਾ ਹੈ ਸ਼ਬਦ ਦੀਆਂ ਬਾਕੀ ਤੁਕਾਂ ਅੰਤਰਿਆਂ ਦੇ ਰੂਪ ਵਿੱਚ ਉਦਾਹਰਣਾਂ ਸਹਿਤ ਪ੍ਰਮਾਣਾ ਦਿੰਦੀਆਂ ਸਮੱਸਿਆ ਦਾ ਹੱਲ ਕਰਦੀਆਂ ਹਨ। ਜਦੋਂ ਸਮੱਸਿਆ ਦਾ ਸਮਾਧਾਨ ਹੋ ਜਾਂਦਾ ਹੈ ਉਥੇ ਰਹਾਉ ਦੀ ਤੁਕ ਵੀ ਬਦਲ ਜਾਂਦੀ ਹੈ।

ਅੰਕਾਂ: ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਯੋਗ ਕੀਤੇ ਗਏ ਅੰਕਾਂ ਦੀ ਗੁਰਮਤਿ ਸੰਗੀਤ ਅਤੇ ਕੀਰਤਨ ਵਿੱਚ ਵਿਸ਼ੇਸ਼ ਮਹੱਤਤਾ ਹੈ। ਅੰਕਾਂ ਦੁਆਰਾ ਸ਼ਬਦਾਂ ਨੂੰ ਵਿਭਾਜਤ ਕੀਤਾ ਗਿਆ ਹੈ। ਇਹ ਅੰਕ ਗੁਰਬਾਣੀ ਵਿੱਚ ਅੰਤਰਿਆਂ ਦਾ ਪ੍ਰਤੀਕ ਹਨ। ਰਹਾਉ ਦੀ ਤੁਕ ਤੋਂ ਬਿਨਾਂ ਬਾਕੀ ਤੁਕਾਂ ਦੀ ਸਮਾਪਤੀ ਤੇ ੧, ੨, ੩, ੪ ਆਦਿ ਅੰਕ ਮਿਲਦੇ ਹਨ। ਇਹਨਾਂ ਅੰਕਾਂ ਤੋਂ ਸ਼ਬਦ ਦੀ ਸੰਬੰਧਿਤ ਕਾਵਿ^ ਸ਼ੈਲੀ ਅਤੇ ਗਾਇਨ ਸ਼ੈਲੀ ਦਾ ਵੀ ਗਿਆਨ ਹੁੰਦਾ ਹੈ। ਉਦਹਾਰਣ ਦੇ ਤੌਰ ਤੇ ਚਉਪਦੇ ਵਿੱਚ ਚਾਰ ਪਦੇ, ਦੁਪਦੇ ਵਿੱਚ ਦੋ ਪਦੇ ਅਤੇ ਅਸ਼ਟਪਦੀ ਵਿੱਚ ਅੱਠ ਪਦੇ ਹੁੰਦੇ ਹਨ। ਇਨ੍ਹਾਂ ਪਦਿਆਂ ਦੀ ਗਿਣਤੀ ਬਾਰੇ ਗਿਆਨ ਅੰਕਾਂ ਤੋਂ ਹੁੰਦਾ ਹੈ ਕਿ ਇਸ ਸ਼ਬਦ ਦੇ ਕੁੱਲ ਕਿੰਨੇ ਬੰਦ ਹਨ।[8]

ਘਰੁ: ਗੁਰੂ ਅਰਜਨ ਦੇਵ ਜੀ ਦੀ ਸੰਗੀਤਕ ਸਮਝ ਦਾ ਇੱਕ ਹੋਰ ਨਮੂਨਾ ਗੁਰਬਾਣੀ ਵਿੱਚ ਵਰਤਿਆ ਗਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਘਰੁ ਦੀ ਕੁਲ ਗਿਣਤੀ 17 ਹੈ। 'ਘਰੁ ਦੇ ਸੰਬੰਧ ਵਿੱਚ ਵਿਦਵਾਨਾਂ ਨੇ ਇਸ ਨੂੰ ਤਾਲ ਹੀ ਸਵੀਕਾਰਿਆ ਭਾਈ ਕਾਨ੍ਹ ਸਿੰਘ ਨਾਭਾ ਘਰੁ ਦੇ ਬਾਰੇ ਵਿੱਚ ਲਿਖਦੇ ਹਨ, " ਗੁਰਮਤਿ ਸੰਗੀਤ ਅਨੁਸਾਰ 'ਘਰੁ ਦੇ ਦੋ ਅਰਥ ਹਨ, ਇਕ ਤਾਲ ਤੇ ਦੂਜਾ ਸਵਰ ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰੀ।[9] 'ਘਰੁ ਨੂੰ ਤਾਲ ਰੂਪ ਵਿੱਚ ਸਵੀਕਾਰਨ ਵਾਲੇ ਵਿਦਵਾਨਾਂ ਦੇ ਅਨੁਸਾਰ ਇਹ ਇਰਾਨੀ ਪੱਧਤੀ ਤੋਂ ਪ੍ਰਭਾਵਿਤ ਜਾਪਦੀ ਹੈ। ਇਰਾਨੀ ਪੱਧਤੀ ਵਿੱਚ ਤਾਲ ਨੂੰ ਇਕ ਗਾਹ, ਦੋ ਗਾਹ, ਸੀਹ ਗਾਹ, ਚਾਰ ਗਾਹ ਆਦਿ ਕਿਹਾ ਜਾਂਦਾ ਹੈ। ਇਹ ਹੋਣਾ ਸੰਭਵ ਹੋ ਸਕਦਾ ਹੈ ਕਿ ਗੁਰੂ ਸਾਹਿਬ ਨੇ ਇਸ ਦਾ ਅਰਥ 'ਘਰੁ ਤੋਂ ਲਿਆ ਹੋਵੇ। ਫ਼ਾਰਸੀ ਬਹਿਰ ਦੀ ਬੁਨਿਆਦ ਤੇ ਇਹ ਮੱਤ ਵੀ ਪ੍ਰਚਾਰ ਵਿੱਚ ਹੈ ਕਿ ਅਮੀਰ ਖ਼ਸਰੋ ਨੇ 17 ਤਾਲ ਈਜਾਦ ਕੀਤੇ ਜਿਨ੍ਹਾਂ ਵਿੱਚ ਪਸ਼ਤੋਂ, ਕੱਵਾਲੀ, ਜਤ, ਜਲਦ, ਤਿਤਾਲਾ ਜ਼ੋਬਹਾਰ, ਸਵਾਰੀ, ਆੜਾ ਚੌਤਾਲ, ਦਾਸਤਾਨ, ਕੈਦ, ਪਹਲਵਾਨ, ਝੂਮਰਾ, ਜ਼ਮਾਨੀ ਸਵਾਰੀ, ਖ਼ਸਮ, ਫਰੋਦਸਤ, ਪਟ ਅਤੇ ਚਪਕ ਹਨ।[10] ਭਾਰਤੀ ਸੰਗੀਤ ਦੇ ਮੱਧਕਾਲ ਵਿੱਚ ਇਹ 17 ਤਾਲ ਪ੍ਰਚਾਰ ਵਿੱਚ ਸਨ ਸੰਭਵ ਹੈ ਕਿ ਇਹ 17 ਤਾਲ ਹੀ ਗੁਰਬਾਣੀ ਵਿੱਚ 'ਘਰੁ ਰੂਪ ਵਿੱਚ ਹੀ ਲਏ ਗਏ ਹੋਣ।

ਧੁਨੀ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ ਵੱਖ ਰਾਗਾਂ ਵਿੱਚ 12 22 ਅਧਿਆਤਮਕ ਵਾਰਾਂ ਦਰਜ ਹਨ ਇਨ੍ਹਾਂ 22 ਵਾਰਾਂ ਵਿੱਚੋਂ 9 ਵਾਰਾਂ ਉੱਤੇ ਧੁਨੀ ਸੰਗੀਤਕ ਸੰਕੇਤ ਅੰਕਿਤ ਕੀਤਾ ਗਿਆ ਹੈ। ਇਨ੍ਹਾਂ ਵਾਰਾਂ ਨੂੰ ਸੰਬੰਧਿਤ ਧੁਨੀਆਂ ਉੱਤੇ ਗਾਉਣ ਦਾ ਨਿਰਦੇਸ਼ ਦਿੰਦੀਆਂ ਹਨ। ਇਹ 9 ਧੁਨੀ ਸਿਰਲੇਖ ਅਤੇ ਵਾਰਾਂ ਇਸ ਤਰ੍ਹਾਂ ਹਨ:

1. ਵਾਰ ਮਾਝ ਦੀ ਤਥਾ ਸਲੋਕ ਮਹਲਾ ੧
   'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥[11]
2. ਗਾਉੜੀ ਕੀ ਵਾਰ ਮਹਲਾ ੫
   ਰਾਇ ਕਮਾਲਦੀ ਮੌਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ ॥[12]
3. ਆਸਾ ਮਹਲਾ ੧॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ
   ਟੁੰਡੇ ਅਸਰਾਜੈ ਕੀ ਧੁਨੀ ॥[13]
4. ਗੂਜਰੀ ਕੀ ਵਾਰ ਮਹਲਾ ੩

[8] ਡਾ. ਜਸਬੀਰ ਕੌਰ , ਗੁਰਮਤਿ ਸੰਗੀਤ ਦੀ ਇਤਿਹਾਸਕ ਵਿਲੱਖਣਤਾ, ਪੰਨਾ 21

[9] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 330

[10] ਡਾ. ਜ਼ਸਬੀਰ ਕੌਰ , ਗੁਰਮਤਿ ਸੰਗੀਤ ਦੀ ਇਤਿਹਾਸਕ ਵਿਲੱਖਣਤਾ, ਪੰਨਾ 21

[11] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 137

[12] ਉਹੀ, ਪੰਨਾ 318

[13] ਉਹੀ, ਪੰਨਾ 462

ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ ॥[14]

5 ਵਡਹੰਸ ਕੀ ਵਾਰ ਮਹਲਾ ੪
ਲਲਾ ਬਹਲੀਮਾ ਕੀ ਧੁਨਿ ਗਾਵਣੀ ॥[15]

6 ਰਾਮਕਲੀ ਕੀ ਵਾਰ ਮਹਲਾ ੩
ਜੋਧੈ ਵੀਰੈ ਪੂਰਬਾਣੀ ਕੀ ਧੁਨੀ ॥[16]

7 ਸਾਰੰਗ ਕੀ ਵਾਰ ਮਹਲਾ ੪
ਰਾਇ ਮਹਮੇ ਹਸਨੇ ਕੀ ਧੁਨਿ ॥[17]

8 ਵਾਰ ਮਲ੍ਹਾਰ ਕੀ ਮਹਲਾ ੧
ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ ॥[18]

9 ਕਾਨੜੇ ਕੀ ਵਾਰ ਮਹਲਾ ੪
ਮੂਸੇ ਕੀ ਵਾਰ ਕੀ ਧੁਨੀ ॥[19]

ਇਹ ਨੌਂ ਪੁਰਾਤਨ ਵਾਰਾਂ ਦੀਆਂ ਧੁਨੀਆਂ ਲੋਕ ਸੰਗੀਤ ਵਿੱਚ ਪ੍ਰਚਲਿਤ ਅਤੇ ਪ੍ਰਸਿੱਧ ਸਨ। ਇਸ ਲਈ ਗੁਰੂ ਸਾਹਿਬ ਨੇ ਇਨ੍ਹਾਂ ਲੋਕ ਧੁਨਾਂ ਦੇ ਆਰੰਭਿਕ ਮੁੱਢ ਵਾਰਾਂ ਦੇ ਉਪਰ ਲਿਖੇ ਜਿਸ ਤੋਂ ਭਾਵ ਇਹ ਹੈ ਕਿ ਵਾਰ ਨੂੰ ਉਪਰ ਲਿਖੀ ਧੁਨੀ ਦੇ ਅਨੁਸਾਰ ਗਾਇਆ ਜਾਵੇ। ਇਸ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ, "ਸ੍ਰੀ ਗੁਰੂ ਅਰਜਨ ਦੇਵ ਜੀ ਨੇ ੭ ਵਾਰਾਂ ਐਸੀਆਂ ਚੁਣੀਆਂ ਜਿਨ੍ਹਾਂ ਨੂੰ ਗਾਉਣ ਦੀ ਧਾਰਨਾ ਪੁਰਾਣੇ ਯੋਧਾਵਾਂ ਦੀਆਂ ਵਾਰਾਂ ਦੇ ਅਨੁਸਾਰ ਰਬਾਬੀਆਂ ਨੂੰ ਦੱਸੀ ਅਤੇ ਪੁਰਾਣੀਆਂ ਵਾਰਾਂ ਦੇ ਪਤੇ ਵਾਰਾਂ ਦੇ ਮੁੱਢ ਲਿਖੇ।[20]

ਗੁਰੂ ਸਾਹਿਬ ਨੇ ਵੱਖ ਵੱਖ ਵਾਰਾਂ ਉਪਰ ਸਿਰਲੇਖ ਰੂਪ ਵਿੱਚ ਜਿੱਥੇ ਇਨ੍ਹਾਂ ਵਾਰਾਂ ਨੂੰ ਸਨਾਤਨੀ ਅਤੇ ਦੇਸੀ ਰਾਗਾਂ ਅਧੀਨ ਅੰਕਿਤ ਕੀਤਾ ਹੈ ਉਥੇ ਇਨ੍ਹਾਂ ਦੇ ਗਾਇਨ ਲਈ ਸੰਬੰਧਤ ਰਾਗ ਦੇ ਨਾਲ ਧੁਨੀਆਂ ਦੇ ਸਿਰਲੇਖ ਵੀ ਦਿੱਤੇ ਹਨ। ਉੱਤੇ ਦਿੱਤੇ ਗਏ ਸੰਕੇਤਾਂ ਵਿੱਚ ਤਿੰਨ ਇਕਾਈਆਂ ਸਾਹਮਣੇ ਆਉਂਦੀਆਂ ਹਨ। ਰਾਗ 2 ਵਾਰ, 3 ਧੁਨੀ। ਇਨ੍ਹਾਂ ਦਾ ਇੱਕਠਾ ਪ੍ਰਯੋਗ ਹੋਣਾ ਵਿਸ਼ੇਸ਼ ਵਿਗਿਆਨਕਤਾ ਦਾ ਧਾਰਣੀ ਹੈ। ਜਿਸ ਅਧੀਨ ਵਾਰ ਵਰਗੇ ਲੋਕ ਕਾਵਿ ਰੂਪ ਵਿੱਚ ਗੁਰੂ ਸਾਹਿਬ ਨੇ ਬਾਣੀ ਦੀ ਰਚਨਾ ਕੀਤੀ ਅਤੇ ਨਾਲ ਹੀ ਇਸ ਦੇ ਪਰੰਪਰਾਗਤ ਗਾਇਨ ਸਰੂਪ ਨੂੰ ਵਿਵਹਾਰਿਕ ਪ੍ਰਮਾਣਿਕਤਾ ਦਿੱਤੀ ਅਤੇ ਨਾਲ ਹੀ ਰਾਗ ਦਾ ਪ੍ਰਯੋਗ ਕਰਦਿਆਂ ਵਾਰ ਗਾਇਨ ਨੂੰ ਗੁਰਮਤਿ ਸੰਗੀਤ ਦਾ ਅਨੁਸਾਰੀ ਬਣਾਇਆ ਹੈ ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਕੀਰਤਨ ਦੀ ਮਹਾਨਤਾ:

ਹਰਿ ਕੀਰਤਿ ਸਾਧ ਸੰਗਤਿ ਹੈ ਸਿਰ ਕਰਮਨ ਕੈ ਕਰਮਾ
ਕਹੁ ਨਾਨਕ ਤਿਸ ਭਇਓ ਪਰਾਪਤ ਜਿਸ ਪੁਰਬ ਲਿਖੇ ਕਾ ਲਹਨਾ॥

(ਗੁ ਗ੍ਰੰ ਸ ਪੰ 642)

ਕੀਰਤਨ ਨਿਰਮੋਲਕ ਹੀਰਾ ਆਨੰਦ ਗੁਣੀ ਗਹੀਰਾ॥

(ਗੁ ਗ੍ਰੰ ਸ ਪੰ 893)

---

[14] ਉਹੀ, ਪੰਨਾ 508
[15] ਉਹੀ, ਪੰਨਾ 585
[16] ਉਹੀ, ਪੰਨਾ 947
[17] ਉਹੀ, ਪੰਨਾ 1237
[18] ਉਹੀ, ਪੰਨਾ 1278
[19] ਉਹੀ, ਪੰਨਾ 1313
[20] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 669

ਰਾਜ ਲੀਲਾ ਤੇਰੈ ਨਾਮਿ ਬਨਾਈ॥ ਜੋਗਿ ਬਨਿਆ ਤੇਰਾ ਕੀਰਤਨ ਗਾਈ॥

(ਗੁ ਗ੍ਰੰ ਸ ਪੰ 385)

ਐਸਾ ਕੀਰਤਨ ਕਰਿ ਮਨ ਮੇਰੇ॥ ਈਹਾ ਊਹਾ ਜੋ ਕਾਮਿ ਤੇਰੈ॥

(ਗੁ ਗੰ ਸ ਪੰ 236)

ਰਾਜੁ ਮਾਲੁ ਜੰਜਾਲ ਕਾਜਿ ਨ ਕਿਤੈ ਗਨੋੁ॥
ਹਰਿ ਕੀਰਤਨ ਆਧਾਰੁ ਨਿਹਚਲ ਏਹੁ ਧਨੋੁ ॥

(ਗੁ ਗ੍ਰੰ ਸ ਪੰ 398)

ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ॥

(ਗੁ ਗ੍ਰੰ ਸ ਪੰ 821)

ਹਰਿ ਦਿਨੁ ਰੈਨਿ ਕੀਰਤਨ ਗਾਈਐ॥
ਬਹੁੜਿ ਨ ਜੋਨੀ ਪਾਈਐ॥

(ਗੁ ਗ੍ਰੰ ਸ ਪੰ 624)

ਜਾ ਕੈ ਹਰਿ ਹਰਿ ਕੀਰਤਨੁ ਨੀਤਾ॥
ਸਾਸਤ੍ਰ ਬੇਦ ਪਾਪ ਪੁੰਨ ਵੀਚਾਰ॥

(ਗੁ ਗ੍ਰੰ ਸ ਪੰ 385)

ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥

(ਗੁ ਗ੍ਰੰ ਸ ਪੰ 1075)

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ॥

(ਗੁ ਗ੍ਰੰ ਸ ਪੰ 1300)

ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨ ਹੋਇ ਉਧਾਰ॥

(ਗੁ ਗ੍ਰੰ ਸ ਪੰ 214)

ਗ੍ਰਿਹਿ ਤਾਕੇ ਬਸੰਤ ਗਨੀ॥ ਜਾ ਕੈ ਕੀਰਤਨ ਹਰਿ ਧੁਨਿ॥

(ਗੁ ਗ੍ਰੰ ਸ ਪੰ 1180)

ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗ ਅਲਾਪੈ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ॥੧॥
ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ॥
ਛੋਡਿ ਮਾਇਆ ਕੇ ਧੰਧ ਸੁਆਉ॥੧॥ ਰਹਾਉ॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ॥
ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨਾ ਬੀਗਾ ਘਾਲੈ॥
ਫੇਰੀ ਫੇਰੁ ਨ ਹੋਵੈ ਕਬਾਹੀ ਏਕੁ ਸਬਦੁ ਬੰਧਿ ਪਾਲੈ॥੨॥
ਨਾਰਦੀ ਨਰਹਰ ਜਾਣਿ ਹਦੂਰੇ॥ ਘੰੁਘਰ ਖੜਕੁ ਤਿਆਗਿ ਵਿਸੂਰੇ॥
ਸਹਜ ਅਨੰਦ ਦਿਖਾਵੈ ਭਾਵੈ॥ ਏਹੁ ਨਿਰਤਿਕਰੀ ਜਨਮ ਨ ਆਵੈ॥੩॥
ਜੇ ਕੋ ਆਪਨੇ ਠਾਕੁਰ ਭਾਵੈ॥ ਕੋਟਿ ਮਧਿ ਏਹੁ ਕੀਰਤਲ ਗਾਵੈ॥
ਸਾਧਸੰਗਤਿ ਕੀ ਜਾਵਉ ਟੇਕ॥ ਕਹੁ ਨਾਨਕ ਤਿਸੁ ਕੀਰਤਨ ਏਕ॥

(ਗੁ ਗ੍ਰੰ ਸ ਪੰ 885)

ਅੰਤ ਵਿੱਚ ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸੰਗੀਤਕ ਦ੍ਰਿਸ਼ਟੀ ਆਪਣੇ ਮੂਲ ਵਿੱਚ ਇਕਸੁਰਤਾ ਅਤੇ ਇਕਾਗਰਤਾ ਪ੍ਰਦਾਨ ਕਰਨ ਵਾਲੀ ਹੈ। ਗੁਰੂ ਸਾਹਿਬ ਨੇ ਰਾਗ ਦੇ ਕਲਾਤਮਕ ਪੱਖ ਤੋਂ ਜਾਣੂ ਹੋਣ ਦੇ ਬਾਵਜੂਦ ਵੀ ਰਾਗ ਨੂੰ ਗੁਰਬਾਣੀ ਉੱਤੇ ਭਾਰੂ ਨਹੀਂ ਹੋਣ ਦਿੱਤਾ ਰਾਗ ਨੂੰ ਭਾਂਡਾ ਕਹਿ ਕੇ ਇਸ ਵਿੱਚ ਬਾਣੀ ਹੀ ਪਰੋਸੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਗਏ ਸੰਗੀਤਕ ਸੰਕੇਤ ਬਾਣੀ ਨੂੰ ਇਕ ਵਿਸ਼ੇਸ਼ ਵਿਧੀ ਨਾਲ ਗਾਉਣ ਦਾ ਨਿਰਦੇਸ਼ ਦਿੰਦੇ ਹਨ। ਰਾਗ ਵਿਸ਼ੇਸ਼ ਦੀ ਅਧੀਨਗੀ ਵਿੱਚ ਕਾਵਿ ਪਦੇ ਦਾ ਸੰਕੇਤ ਹੈ ਜਿਵੇਂ ਕਿ ਇਕਪਦਾ, ਦੁਪਦਾ, ਤਿਪਦਾ, ਚਉਪਦਾ, ਪੰਚਪਦਾ ਆਦਿ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੁੱਖ ਸਰੋਤਾ ਹੈ। ਇਹ ਤਿੰਨ ਤਰ੍ਹਾਂ ਦੇ ਸਰੋਤਿਆਂ ਨੂੰ ਮੁਖਾਤਿਬ ਹੈ ਰਾਗ ਸਮਝਣ ਵਾਲੇ, ਕਾਵਿ ਵੱਲ ਰੁਚਿਤ ਸਰੋਤੇ ਅਤੇ ਛੰਦ ਚਾਲ ਨੂੰ ਸਮਝਣ ਵਾਲੇ ਤੇ ਤੁਕ ਲੈਅ ਨਾਲ ਤੁਰਨ ਵਾਲੇ ਸਧਾਰਣ ਸਰੋਤੇ । ਗੁਰੂ ਸਾਹਿਬ ਨੇ ਰਾਗ ਵਿਸ਼ੇਸ਼ ਨੂੰ ਅਨੇਕ ਰੂਪ^ ਵਿਧੀਆਂ ਵਿੱਚ ਬੰਨ੍ਹ ਕੇ ਗਾਇਨ ਕਰਨ ਦਾ ਆਦੇਸ਼ ਦਿੱਤਾ ਹੈ। ਅੰਕ, ਘਰੁ ਅਤੇ ਰਹਾਉ ਦਾ ਸਿੱਧਾ ਸੰਬੰਧ ਰਾਗ ਨਾਲ ਜੋੜ ਕੇ ਗੁਰਮਤਿ ਸੰਗੀਤ ਦੀ ਵਿਲੱਖਣਤਾ ਸਥਾਪਿਤ ਕੀਤੀ ਹੈ। ਗੁਰੂ ਅਰਜਨ ਦੇਵ ਜੀ ਦੀ ਸੰਗੀਤ ਦ੍ਰਿਸ਼ਟੀ ਅਨੁਸਾਰ ਅਨੇਕ ਮੁਖ ਜੁਗਤਾਂ ਦਾ ਏਕੀਕਰਣ ਕਰ ਦੇਣਾ ਉਹਨਾਂ ਲਈ ਬਹੁਤ ਸਹਿਜ ਹੈ ਅਤੇ ਇਹੋ ਉਹਨਾਂ ਦੇ ਬਾਣੀ ਕੌਸ਼ਲ ਅਤੇ ਸੰਗੀਤ ਕਲਾ ਦਾ ਚਮਤਕਾਰ ਹੈ।

## ਹਵਾਲੇ ਤੇ ਟਿੱਪਣੀਆਂ

1. ਡਾ. ਜਸਵੀਰ ਕੌਰ , ਗੁਰਮਤਿ ਸੰਗੀਤ ਦੀ ਇਤਿਹਾਸਕ^ ਵਿਲੱਖਣਤਾ, ਪੰਨਾ 50
2. ਤਵਾਰੀਖ ਗੁਰੂ ਖਾਲਸਾ, ਪੰਨਾ 38
3. ਉਹੀ, ਪੰਨਾ 420
4. ਗੁਰੂ ਗ੍ਰੰਥ ਸਾਹਿਬ, ਪੰਨਾ 821
5. ਗੁਰੂ ਗ੍ਰੰਥ ਸਾਹਿਬ, ਪੰਨਾ 885
6. ਡਾ. ਗੁਰਨਾਮ ਸਿੰਘ, ਪਰਬੰਧ ਤੇ ਪਾਸਾਰ, ਪੰਨਾ 7
7. ਡਾ. ਜਸਬੀਰ ਸਿੰਘ ਸਾਬਰ, ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ ਭਾਗ ਦੂਜਾ, ਪੰਨਾ 268
8. ਡਾ. ਜਸਬੀਰ ਕੌਰ , ਗੁਰਮਤਿ ਸੰਗੀਤ ਦੀ ਇਤਿਹਾਸਕ ਵਿਲੱਖਣਤਾ, ਪੰਨਾ 21
9. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 330
10. ਡਾ. ਜ਼ਸਬੀਰ ਕੌਰ , ਗੁਰਮਤਿ ਸੰਗੀਤ ਦੀ ਇਤਿਹਾਸਕ ਵਿਲੱਖਣਤਾ, ਪੰਨਾ 21
11. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 137
12. ਉਹੀ, ਪੰਨਾ 318
13. ਉਹੀ, ਪੰਨਾ 462
14. ਉਹੀ, ਪੰਨਾ 508
15. ਉਹੀ, ਪੰਨਾ 585
16. ਉਹੀ, ਪੰਨਾ 947
17. ਉਹੀ, ਪੰਨਾ 1237
18. ਉਹੀ, ਪੰਨਾ 1278
19. ਉਹੀ, ਪੰਨਾ 1313
20. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 669